# ਹਥਿਆਰਬੰਦ ਬਟਾਲੀਅਨਾਂ

ਪੰਜਾਬ ਹਥਿਆਰਬੰਦ ਪੁਲਿਸ ਦਾ ਹੈੱਡ ਕੁਆਟਰ ਜਲੰਧਰ ਛਾਉਣੀ ਵਿਖੇ ਸਥਿੱਤ ਹੈ । ਜਦਕਿ ਭਾਰਤ ਰਿਜ਼ਰਵ ਬਟਾਲੀਅਨਜ਼ ਦੇ ਮੁੱਖ ਦਫ਼ਤਰ ਕ੍ਰਮਵਾਰ ਸੰਗਰੂਰ, ਅੰਮ੍ਰਿਤਸਰ, ਪਟਿਆਲਾ, ਲੁਧਿਆਣਾ, ਜਲੰਧਰ ਅਤੇ ਪੰਜਾਬ ਪੁਲਿਸ ਕਮਾਂਡੋ ਦੇ ਮੁੱਖ ਦਫ਼ਤਰ ਬਹਾਦਰਗੜ੍ਹ (ਪਟਿਆਲਾ) ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਵਿੱਚ ਸਥਿੱਤ ਹਨ ।

1. ਪੰਜਾਬ ਹਥਿਆਰਬੰਦ ਪੁਲਿਸ (ਪੀ.ਏ.ਪੀ.) ।
2. ਭਾਰਤ ਰਿਜ਼ਰਵ ਬਟਾਲੀਅਨਜ਼ ।
3. ਪੰਜਾਬ ਪੁਲਿਸ ਕਮਾਂਡੋ ।

## ਪੰਜਾਬ ਹਥਿਆਰਬੰਦ ਪੁਲਿਸ ਪੀਏਪੀ ਜਲੰਧਰ

| ਕੋਰਸ | ਅੰਦਰੂਨੀ ਸਿਖਲਾਈ | ਮੈਦਾਨੀ ਸਿਖਲਾਈ | ਹੋਰ ਸਰਗਰਮੀਆਂ | ਸਹੂਲਤਾਂ | ਵਿਸ਼ੇਸ਼ ਸਰਗਰਮੀਆਂ |
|---|---|---|---|---|---|

ਪੰਜਾਬ ਹਥਿਆਰਬੰਦ ਪੁਲਿਸ ਦੇ ਜਵਾਨਾਂ ਦਾ ਮੁੱਖ ਦਫ਼ਤਰ ਪੀਏਪੀ ਜਲੰਧਰ ਛਾਉਣੀ ਵਿਖੇ ਹੈ । ਇਹ ਉਹ ਅਦਾਰਾ ਹੈ ਜਿਥੇ ਹਥਿਆਰਬੰਦ ਪੁਲਿਸ ਦੇ ਜਵਾਨਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਹਨਾਂ ਨੂੰ ਮਹੱਤਵਪੂਰਨ ਅਤੇ ਔਖੀਆ ਡਿਊਟੀਆਂ ਨਿਭਾਉਣ ਲਈ ਤਿਆਰ ਕੀਤਾ ਜਾਂਦਾ ਹੈ । ਬੀ.ਐਸ.ਐਫ. ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਪੀਏਪੀ ਨੂੰ ਅਤਿਅੰਤ ਸੰਵੇਦਨਸ਼ੀਲ ਪਾਕਿਸਤਾਨ ਨਾਲ ਲੱਗਦੀ ਸਰਹੱਦ ਦੀ ਸੁਰੱਖਿਆ ਲਈ ਤਾਇਨਾਤ ਕੀਤਾ ਜਾਂਦਾ ਸੀ । ਪੀਏਪੀ ਦੇ ਜਵਾਨਾਂ ਨੇ ਕਿੱਤਾ ਮੁੱਖੀ ਅਤੇ ਖੇਡਾਂ ਦੇ ਖੇਤਰ ਵਿੱਚ ਬਹੁਤ ਵਧੀਆ ਕਾਰਗੁਜ਼ਾਰੀ ਵਿਖਾਈ ਹੈ । ਹਾਕੀ, ਭਾਰ-ਤੋਲਨ, ਵਾਲੀਵਾਲ, ਕਬੱਡੀ ਆਦਿ ਦੇ ਭਾਰੀ ਗਿਣਤੀ ਵਿੱਚ ਅੰਤਰਰਾਸ਼ਟਰੀ ਖਿਡਾਰੀਆਂ ਦਾ ਮੁੱਖ ਅਧਾਰ ਪੀਏਪੀ ਹੀ ਹੈ । ਪੀਏਪੀ ਕੈਂਪਸ ਕਾਫ਼ੀ ਵਿਸ਼ਾਲ ਖੇਤਰ ਵਿੱਚ ਫੈਲਿਆ ਹੋਇਆ ਹੈ ਜਿਸ ਵਿੱਚ ਰਿਹਾਇਸ਼ੀ ਕੁਆਟਰ, ਖੇਡਾਂ ਦੇ ਮੈਦਾਨ, ਸਿਖਲਾਈ ਯੰਤਰ, ਹਾਲ, ਸਕੂਲ, ਹਸਪਤਾਲ, ਸਵਿਮਿੰਗ ਪੂਲ ਆਦਿ ਹਨ ।

## ਕੋਰਸ

### ਪੀਏਪੀ ਵਿੱਚ ਚਲਾਏ ਜਾਂਦੇ ਕੋਰਸ

ਇਸ ਸਿਖਲਾਈ ਕੇਂਦਰ ਵਿੱਚ ਮੁੱਢਲੀ ਸਿਖਲਾਈ ਕੋਰਸ ਤੋਂ ਇਲਾਵਾ ਪੁਲਿਸ ਜਵਾਨਾਂ ਦੀਆਂ ਸਰਗਰਮੀਆਂ ਦੇ ਭਿੰਨ-ਭਿੰਨ ਪੱਖਾਂ ਨੂੰ ਉਜਾਗਰ ਕਰਦੇ ਹੋਏ ਹੋਰ ਵਿਸ਼ੇਸ਼ ਕੋਰਸ ਵੀ ਕਰਵਾਏ ਜਾਂਦੇ ਹਨ ।

**ਹਥਿਆਰਾਂ ਦੀ ਸੰਭਾਲ ਅਤੇ ਵਰਤੋਂ, ਫੀਲਡ ਅਤੇ ਫੀਲਡ ਇੰਜੀਨੀਅਰਿੰਗ ਕੋਰਸ**

ਇਸ ਕੋਰਸ ਦੀ ਮਿਆਦ 8 ਹਫ਼ਤੇ ਹੈ ਅਤੇ ਇਸ ਦੀਆਂ 100 ਸੀਟਾਂ ਹਨ । ਇਹ ਕੋਰਸ ਸਹਾਇਕ-ਸਬ-ਇੰਸਪੈਕਟਰਾਂ, ਮੁੱਖ ਸਿਪਾਹੀਆਂ ਅਤੇ ਸਿਪਾਹੀਆਂ ਲਈ ਹਥਿਆਰਾਂ ਦੀ ਸਾਂਭ-ਸੰਭਾਲ ਅਤੇ ਵਰਤੋਂ ਦੀ ਵਿਸ਼ੇਸ਼ ਸਿਖਲਾਈ ਦੇਣ ਲਈ ਤਿਆਰ ਕੀਤਾ ਗਿਆ ਹੈ ।

### ਰੀ-ਉਰੀਐਨਟੇਸ਼ਨ ਕੋਰਸ (ਮੁੜ ਨਿਰਮਾਣ ਕੋਰਸ)

ਇਸ ਕੋਰਸ ਦੀ ਮਿਆਦ 6 ਦਿਨ ਹੈ ਅਤੇ ਇਸ ਨੂੰ ਮੁੱਖ ਸਿਪਾਹੀਆਂ ਅਤੇ ਸਿਪਾਹੀਆਂ ਦੇ ਪਬਲਿਕ ਪ੍ਰਤੀ ਵਤੀਰੇ ਦੀ ਵਿਸ਼ੇਸ਼ ਸਿਖਲਾਈ ਦੇਣ ਲਈ ਕਰਵਾਇਆ ਜਾਂਦਾ ਹੈ ।

### ਕਨਵਰਸ਼ਨ ਕੋਰਸ (ਤਬਦੀਲੀ ਕੋਰਸ)

ਇਸ ਕੋਰਸ ਦੀ ਮਿਆਦ 4 ਮਹੀਨੇ ਹੈ ਅਤੇ ਇਹ ਸਿਪਾਹੀਆਂ ਦੇ ਪੀਏਪੀ ਤੋ ਜਿਲ੍ਹਾ ਪੁਲਿਸ ਵਿੱਚ ਬਦਲੀ ਹੋਣ ਤੇ ਕਰਵਾਇਆ ਜਾਂਦਾ ਹੈ । ਇਸ ਨੂੰ ਜਿਲ੍ਹਾ ਪੁਲਿਸ ਵਿੱਚ ਤਬਦੀਲ ਹੋਣ ਤੇ ਉੱਥੇ ਦੇ ਹਾਲਾਤਾਂ ਅਤੇ ਕੰਮ-ਕਾਜ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕਰਵਾਇਆ ਜਾਂਦਾ ਹੈ ।

## ਕੈਪਸੂਲ ਕੋਰਸ

ਇਸ ਕੋਰਸ ਦੀ ਮਿਆਦ 4 ਮਹੀਨੇ ਹੈ ਅਤੇ ਇਸ ਨੂੰ ਸਪੈਸ਼ਲ ਪੁਲਿਸ ਅਫਸਰਾਂ ਤੋਂ ਸਿਪਾਹੀਆਂ ਦੇ ਰੂਪ ਵਿੱਚ ਭਰਤੀ ਹੋਣ ਲਈ ਕਰਵਾਇਆ ਜਾਂਦਾ ਹੈ ।

## ਡਿਟੈਕਟਿਵ ਫੁਟ ਸਿਪਾਹੀ ਕੋਰਸ

ਇਸ ਕੋਰਸ ਦੀ ਮਿਆਦ 4 ਮਹੀਨੇ ਹੈ ਅਤੇ ਵਿਸ਼ੇਸ਼ ਤੌਰ ਤੇ ਸਿਪਾਹੀਆਂ (ਤਰਜੀਹ ਤੌਰ ਤੇ ਸੀ-2) ਨੂੰ ਕਰਵਾਇਆ ਜਾਂਦਾ ਹੈ ।

## ਰੀਵਿਊ ਆਫ ਟ੍ਰੇਨਿੰਗ ਅਤੇ ਟਰੇਨਰ ਕੋਰਸ ਦੀ ਸਿਖਲਾਈ

ਇਸ ਕੋਰਸ ਦੀ ਮਿਆਦ 3 ਦਿਨ ਹੈ ਅਤੇ ਇਸ ਨੂੰ ਵਿਸ਼ੇਸ਼ ਤੌਰ ਤੇ ਸਿਰਫ਼ ਸਟਾਫ਼ ਅਤੇ ਬੇਸਿਕ ਸਿਖਲਾਈ ਦੇ ਕਰਮਚਾਰੀਆਂ ਨੂੰ ਕਰਵਾਇਆ ਜਾਂਦਾ ਹੈ ।

## ਅੰਦਰੂਨੀ ਸਿਖਲਾਈ

ਅੰਦਰੂਨੀ ਸਿਖਲਾਈ

ਇਹ ਸਿਖਲਾਈ ਯਕੀਨੀ ਬਣਾਉਂਦੀ ਹੈ ਕਿ ਸਿਖਲਾਈ ਕਰਤਾ ਵੱਧ ਤੋ ਵੱਧ ਗਿਆਨ, ਹੁਨਰ ਦੀ ਪ੍ਰਭਾਵਸ਼ਾਲੀ ਤਰੀਕੇ ਨਾਲ ਵਰਤੋਂ ਕਰਦੇ ਹੋਏ ਆਪਣੀਆਂ ਥਾਂਵਾਂ ਤੇ ਡਿਊਟੀਆਂ ਨਿਭਾਓਣ । ਇਸ ਮਕਸਦ ਲਈ ਹੇਠ ਲਿਖੇ ਤਰੀਕੇ ਅਖਤਿਆਰ ਕੀਤੇ ਜਾਂਦੇ ਹਨ :-

1. ਆਡੀਓ ਵਿਜ਼ੂਅਲ ਦੇ ਸਹਾਇਕ ਲੈਕਚਰ ।
2. ਸਿਖਲਾਈ ਫਿਲਮਾਂ ਨੂੰ ਸਕਰੀਨ ਤੇ ਦਿਖਾਉਣਾ ।
3. ਮੁਕੱਦਮੇ ਅਧਿਐਨ ਦੀਆਂ ਵਿਧੀਆਂ ।
4. ਸਮਾਨਅੰਤਰ ਸਥਿਤੀਆਂ ਅਤੇ ਉਹਨਾਂ ਦੀ ਸਿਧਾਂਤਕ ਵਿਆਖਿਆ ।
5. ਪ੍ਰਦਰਸ਼ਨੀਆਂ ਤੇ ਨੁਮਾਇਸ਼ਾਂ ।
6. ਸਮੂਹਿਕ ਵਿਚਾਰ-ਵਟਾਂਦਰਾ ।
7. ਭੂਮਿਕਾ ਨਿਭਾਉਣਾ ।

## ਮੈਦਾਨੀ ਸਿਖਲਾਈ

ਮੈਦਾਨੀ ਸਿਖਲਾਈ

ਮੈਦਾਨੀ ਸਿਖਲਾਈ ਦੇਣ ਦਾ ਮੰਤਵ ਆਪਣੀ ਡਿਊਟੀ ਨਿਭਾਉਂਦੇ ਹੋਏ ਵੱਧ ਤੋ ਵੱਧ ਸਰੀਰਕ ਫਿੱਟਨੈਸ, ਖਾਸ ਖੇਤਰ ਵਿੱਚ ਹੁਨਰ ਅਤੇ ਸਮੱਸਿਆਵਾਂ ਪ੍ਰਤੀ ਵਿਗਿਆਨਕ ਪਹੁੰਚ ਵਿਕਸਤ ਕਰਨਾ ਹੈ । ਇਸ ਸਬੰਧ ਵਿੱਚ ਹੇਠ ਲਿਖੇ ਪ੍ਰੋਗਰਾਮ ਚਲਾਏ ਜਾਂਦੇ ਹਨ :-

1. ਪੀ.ਟੀ. (ਸਰੀਰਕ ਫਿੱਟਨੈਸ ਲਈ ) ।
2. ਪਰੇਡ ਅਤੇ ਕਮਾਂਡ ਵਿੱਚ ਸਿਖਲਾਈ ।
3. ਸ਼ੂਟਿੰਗ ।
4. ਸੰਕਟਕਾਲੀਨ ਸਮੱਸਿਆਵਾਂ ਦਾ ਸਾਹਮਣਾ ਕਰਨਾ ।
5. ਬਿਨਾਂ ਹਥਿਆਰਾਂ ਦੀ ਲੜਾਈ ।
6. ਤੈਰਾਕੀ ਸਿਖਲਾਈ ।
7. ਘੋੜ ਸਵਾਰੀ ।
8. ਡਰਾਈਵਿੰਗ ।
9. ਪੁਲਿਸ ਬੈਂਡ ।

## ਹੋਰ ਸਰਗਰਮੀਆਂ

### ਹੋਰ ਵਿਸ਼ੇਸ਼ ਸਰਗਰਮੀਆਂ

ਪੀਏਪੀ ਜਲੰਧਰ ਦੇ ਸਿਖਿਆਰਥੀ ਆਪਣੇ ਕੈਂਪਸ ਦੇ ਮਹੌਲ ਨੂੰ ਹਰਿਆ-ਭਰਿਆ ਅਤੇ ਜੀਵਨਮਈ ਬਣਾਉਣ ਲਈ ਸਮੇਂ-ਸਮੇਂ ਤੇ ਕਰਵਾਏ ਜਾਂਦੇ ਤਿਉਹਾਰਾਂ ਅਤੇ ਫੰਕਸ਼ਨਾਂ ਵਿੱਚ ਹਿੱਸਾ ਲੈਂਦੇ ਹਨ ।

## ਸਹੂਲਤਾਂ

### ਪੀਏਪੀ, ਜਲੰਧਰ ਵਿੱਚ ਉਪਲੱਬਧ ਸਹੂਲਤਾਂ

ਪੀਏਪੀ ਦੇ ਸਿਖਿਆਰਥੀਆਂ ਅਤੇ ਸਟਾਫ਼ ਲਈ ਹੇਠ ਲਿਖੀਆ ਸਹੂਲਤਾਂ ਹਨ :-

1. ਮੁੱਢਲਾ ਸਿਹਤ ਕੇਂਦਰ ।
2. ਢੁੱਕਵੀਆਂ ਰਿਹਾਇਸ਼ੀ ਸਹੂਲਤਾਂ ।
3. ਜੀ.ਓਜ਼. ਮੈੱਸ ਅਤੇ ਰੈਸਟ ਹਾਊਸ ।
4. ਲਾਇਬਰੇਰੀ ।
5. ਮੈੱਸ ।
6. ਕੰਟੀਨ ।
7. ਬੈਂਕ ।
8. ਮੈਰਿਜ਼ ਹਾਲ ।
9. ਸਪੋਰਟਸ ਟਰੈਕ ।
10. ਸਵਿਮਿੰਗ ਪੂਲ ।
11. ਵੈਲਫੇਅਰ ।
12. ਹਾਈ ਸਕੂਲ ।
13. ਘੋੜ ਸਵਾਰੀ ।
14. ਪੈਪਕੌਜ਼ ਫਾਸਟ ਫੂਡ ।
15. ਗੈਸ ਏਜੰਸੀ ।
16. ਪੈਟਰੋਲ ਪੰਪ ।
17. ਗੋਲਫ਼ ਕਲੱਬ ।

## ਵਿਸ਼ੇਸ਼ ਗਤੀਵਿਧੀਆਂ

### ਪੀਏਪੀ ਦੀਆਂ ਵਿਸ਼ੇਸ਼ ਗਤੀਵਿਧੀਆਂ

ਪੀਏਪੀ ਦਾ ਸਟਾਫ਼ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ, ਭਲਾਈ ਦੇ ਕੰਮਾਂ ਨੂੰ ਚਲਾਉਣ ਲਈ ਹੇਠ ਲਿਖੀਆਂ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਹਨ

### ਲੇਡੀਜ਼ ਵੈਲਫੇਅਰ ਸੈਂਟਰ

ਵਧੇਰੇ ਗਿਣਤੀ ਵਿੱਚ ਔਰਤਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਹੋਣ ਅਤੇ ਆਤਮ ਨਿਰਭਰ ਬਣਾਉਣ ਲਈ ਸਿਲਾਈ ਮਸ਼ੀਨਾਂ ਅਤੇ ਕੰਪਿਊਟਰ ਦੀ ਸਿਖਲਾਈ ਦਿੱਤੀ ਜਾਂਦੀ ਹੈ ।

## ਭਾਰਤ ਰਿਜ਼ਰਵ ਬਟਾਲੀਅਨਜ਼

ਲੱਡਾ ਕੋਠੀ ਸੰਗਰੂਰ, ਸੰਗਰੂਰ-ਧੂਰੀ ਰੋਡ ਉਤੇ ਸੰਗਰੂਰ ਸ਼ਹਿਰ ਤੋਂ 6 ਕਿਲੋਮੀਟਰ ਦੀ ਦੂਰੀ ਤੇ ਸਥਿੱਤ ਹੈ । ਮੌਜੂਦਾ ਇਮਾਰਤ ਬੜ੍ਹੀ ਸੁੰਦਰ ਅਤੇ ਕਲਾਤਮਿਕ ਤਰੀਕੇ ਨਾਲ ਬਣਾਈ ਗਈ ਹੈ । ਇਸ ਕੋਠੀ ਦਾ ਵਿਸ਼ੇਸ਼ ਸ਼ਾਹੀ ਢਾਂਚਾ ਰਾਜਸਥਾਨੀ ਨਕਸ਼ਾ ਨਵੀਸੀ ਅੰਦਾਜ ਵਿੱਚ ਹੈ । ਇਹ ਕੋਠੀ 228 ਵਿੱਘੇ-4 ਬਿਸਵੇ ਵਿੱਚ ਫੈਲੀ ਹੋਈ ਹੈ । ਦੂਜੀ ਭਾਰਤ ਰਿਜ਼ਰਵ ਬਟਾਲੀਅਨ ਨੇ ਇੱਥੇ ਆਰਜੀ ਹੈੱਡ ਕੁਆਟਰ ਸਥਾਪਿਤ ਕੀਤਾ ਹੋਇਆ ਹੈ ਜੋ ਕਿ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਗ੍ਰਹਿ ਸ਼ਾਖਾ) ਵੱਲੋ 15 ਦਸੰਬਰ 1995 ਨੂੰ ਇਸਨੂੰ ਪੱਕਾ ਹੈੱਡ ਕੁਆਟਰ ਪ੍ਰਵਾਨ ਕੀਤਾ ਗਿਆ ।

### ਮੈਦਾਨੀ ਸਿਖਲਾਈ

ਮੈਦਾਨੀ ਸਿਖਲਾਈ ਦੇਣ ਦਾ ਮੰਤਵ ਆਪਣੀ ਡਿਊਟੀ ਨਿਭਾਉਂਦੇ ਹੋਏ ਵੱਧ ਤੋ ਵੱਧ ਸਰੀਰਕ ਫਿੱਟਨੈਸ, ਖਾਸ ਖੇਤਰ ਵਿੱਚ ਹੁਨਰ ਅਤੇ ਸਮੱਸਿਆਵਾਂ ਪ੍ਰਤੀ ਵਿਗਿਆਨਕ ਪਹੁੰਚ ਵਿਕਸਤ ਕਰਨਾ ਹੈ ।ਇਸ ਸਬੰਧ ਵਿੱਚ ਹੇਠ ਲਿਖੇ ਪ੍ਰੋਗਰਾਮ ਚਲਾਏ ਜਾਂਦੇ ਹਨ :-

1. **ਸਰੀਰਕ ਫਿੱਟਨੈਸ ਲਈ ਸਰੀਰਕ ਸਿਖਲਾਈ ।**

2. **ਪਰੇਡ ਕਮਾਂਡ ।**

3. **ਸੰਕਟਕਾਲੀਨ ਸਮੱਸਿਆਵਾਂ ਦਾ ਸਾਹਮਣਾ ਕਰਨਾ ।**

4. **ਭੀੜ ਨੂੰ ਨਿੰਯਤਰਣ ਕਰਨਾ ।**

   ਰਾਜ ਵਿੱਚ ਔਖੀਆ ਸਥਿਤੀਆਂ ਨਾਲ ਨਜਿੱਠਣ ਲਈ ਹੋਰ ਉਪਾਵਾਂ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ ।

5. **ਸ਼ੂਟਿੰਗ**

   ਹਥਿਆਰਾਂ ਦੀ ਸਿਖਲਾਈ ਅਤੇ ਆਪਣੇ ਹੁਨਰ ਨੂੰ ਸੰਪੂਰਨ ਬਣਾਉਣਾ ।

6. **ਬਿਨਾਂ ਹਥਿਆਰਾਂ ਦੀ ਲੜਾਈ ।**

7. **ਵੀ.ਆਈ.ਪੀ. ਸੁਰੱਖਿਆ ।**

   ਇਕ ਅਜੋਕੀ ਪੁਲੀਸਿੰਗ ਦਾ ਮਹੱਤਵਪੂਰਨ ਪੱਖ ।

## ਪੰਜਾਬ ਪੁਲਿਸ ਕਮਾਂਡੋ ਕੰਪਲੈਕਸ

### ਕਿਲ੍ਹਾ ਬਹਾਦਰਗੜ੍ਹ ਵਿੱਚ ਕਮਾਂਡੋ ਪੁਲਿਸ ਦਾ ਮੁੱਖ ਦਫ਼ਤਰ

ਪੰਜਾਬ ਪੁਲਿਸ ਕਮਾਂਡੋ ਸਾਲ 1989 ਨੂੰ ਹੋਂਦ ਵਿੱਚ ਆਈ । ਇਸ ਦਾ ਉਦੇਸ਼ ਵਧੀਆ ਸਿਖਲਾਈ ਪ੍ਰਾਪਤ ਫੋਰਸ ਦੀ ਸਥਾਪਨਾ ਕਰਨਾ ਸੀ ਤਾਂ ਜੋ ਰਾਜ ਵਿੱਚ ਅੱਤਵਾਦ ਨਾਲ ਨਜਿੱਠਿਆ ਜਾ ਸਕੇ । 30 ਅਗਸਤ 1988 ਨੂੰ ਪੀਏਪੀ ਦੀ 33ਵੀਂ ਬਟਾਲੀਅਨ ਨੂੰ ਹੋਂਦ ਵਿੱਚ ਲਿਆਦਾ ਗਿਆ, ਜਿਸ ਪਿੱਛੇ ਮੁੱਖ ਉਦੇਸ਼ ਵੀ.ਆਈ.ਪੀ. ਨੂੰ ਸੁਰੱਖਿਆ ਪ੍ਰਦਾਨ ਕਰਨਾ ਅਤੇ ਪੀਏਪੀ ਦੀ ਨਫ਼ਰੀ ਨੂੰ ਘਟਾਉਣਾ ਸੀ ਜੋ ਕਿ ਅਮਨ ਅਤੇ ਕਾਨੂੰਨ ਦੀ ਸੁਰੱਖਿਆ ਵਿੱਚ ਲੱਗੀ ਹੋਈ ਸੀ । ਮਗਰੋਂ ਇਸ 33ਵੀਂ ਬਟਾਲੀਅਨ ਨੂੰ ਸਾਲ 1989 ਵਿੱਚ ਪੀਏਪੀ ਕਮਾਂਡੋ ਬਟਾਲੀਅਨ ਦਾ ਨਾਮ ਦਿੱਤਾ ਗਿਆ । ਇਸ ਪਿੱਛੋਂ ਸਾਲ 1990 ਵਿੱਚ ਇਸਨੂੰ ਪਹਿਲੀ ਕਮਾਂਡੋ ਬਟਾਲੀਅਨ ਘੋਸ਼ਿਤ ਕੀਤਾ ਗਿਆ । ਇਸ ਬਟਾਲੀਅਨ ਦਾ ਹੈੱਡ ਕੁਆਟਰ ਪਟਿਆਲਾ ਸ਼ਹਿਰ ਦੇ ਬਾਹਰ-ਵਾਰ ਬਹਾਦਰਗੜ੍ਹ ਵਿੱਚ ਰੱਖਿਆ ਗਿਆ । ਇਹ ਪਟਿਆਲਾ ਬੱਸ ਸਟੈਂਡ ਤੋਂ 7 ਕਿਲੋਮੀਟਰ ਦੀ ਦੂਰੀ ਤੇ ਪਟਿਆਲਾ-ਚੰਡੀਗੜ੍ਹ ਰੋਡ ਤੇ ਸਥਿੱਤ ਹੈ ।

## ਮੈਦਾਨੀ ਸਿਖਲਾਈ

ਪੰਜਾਬ ਪੁਲਿਸ ਦੇ ਸਾਰੇ ਕਰਮਚਾਰੀ ਅਤੇ ਅਫਸਰਾਂ ਨੂੰ ਕਮਾਂਡੋ ਬਟਾਲੀਅਨ ਵਿੱਚ ਆਉਣ ਤੋਂ ਪਹਿਲਾਂ ਤਿੰਨ ਮਹੀਨੇ ਦੀ ਮੁੱਢਲੀ ਕਮਾਂਡੋ ਸਿਖਲਾਈ, ਪੁਲਿਸ ਕਮਾਂਡੋ ਟਰੇਨਿੰਗ ਸਕੂਲ (ਪੀ.ਸੀ.ਟੀ.ਐਸ.) ਕਿਲ੍ਹਾ ਬਹਾਦਰਗੜ੍ਹ ਪਟਿਆਲਾ ਵਿੱਚ ਦਿੱਤੀ ਜਾਂਦੀ ਹੈ । ਇਸ ਦੇ ਅਧੀਨ ਇਕ ਹੋਰ ਕਮਾਂਡੋ ਟ੍ਰੇਨਿੰਗ ਸੈਂਟਰ ਜੋ ਕਿ ਦਰਗਾਹੀ ਸ਼ਾਹ, ਧੁਨ ਨੇੜੇ ਤਰਨ-ਤਾਰਨ ਸ਼ਹਿਰ ਵਿੱਚ ਚਲਾਇਆ ਜਾਂਦਾ ਹੈ । ਇਹ ਸਕੂਲ ਬਿਆਸ ਦਰਿਆ ਦੇ ਕਿਨਾਰੇ ਉਪੱਰ ਸਥਿੱਤ ਹੈ ।

ਇਸ ਕਮਾਂਡੋ ਕੋਰਸ ਦੌਰਾਨ ਪੁਲਿਸ ਕਰਮਚਾਰੀਆਂ ਨੂੰ ਸਿਹਤ ਸੰਭਾਲ, ਹਥਿਆਰਾਂ ਦੀ ਸਿਖਲਾਈ, ਮਾਰਸ਼ਲ ਆਰਟ, ਸੰਕਟਕਾਲੀਨ ਸਥਿਤੀਆਂ ਲਈ ਤਿਆਰ ਰਹਿਣਾ, ਵਿਸਫੋਟਕ ਪਦਾਰਥ ਅਤੇ ਮੁੱਠ-ਭੇੜ ਦੀ ਲੜਾਈ ਦੀ ਯੋਜਨਾਬੰਦੀ, ਫੀਲਡ ਕਰਾਫਟ, ਰੋਡ, ਰਨ ਅਤੇ ਵਾਕ, ਅੱਗਜ਼ਨੀ ਅਤੇ ਆਮਨੇ-ਸਾਹਮਣੇ ਦੀ ਲੜਾਈ, ਨਕਸ਼ੇ ਪੜ੍ਹਨਾ ਅਤੇ ਜੰਗਲ ਦੀ ਲੜਾਈ ਦੀ ਸਿਖਲਾਈ ਦਿੱਤੀ ਜਾਂਦੀ ਹੈ ।

## ਕਮਾਂਡੋ ਕੰਪਲੈਕਸ ਵਿੱਚ ਉਪਲੱਬਧ ਸਹੂਲਤਾਂ

ਪੀਏਪੀ ਕਮਾਂਡੋ ਦੇ ਸਿਖਿਆਰਥੀਆ ਅਤੇ ਸਟਾਫ਼ ਲਈ ਹੇਠ ਲਿਖੀਆਂ ਸਹੂਲਤਾਂ ਹਨ :-

1. ਰਿਹਾਇਸ਼ੀ ਸਹੂਲਤਾਂ ।

2. ਮੁੱਢਲਾ ਸਿਹਤ ਕੇਂਦਰ ।

3. ਲਾਇਬਰੇਰੀ ।

4. ਮੈੱਸ ।

5. ਕੰਟੀਨ ।

6. ਟੈਲੀਫੋਨ ।

7. ਸਕੂਲ ।

8. ਹਾਟ ਸ਼ਾਪ ।